ਵੱਲੋ

ਡਾਇਰੈਕਟਰ ਖੇਤੀਬਾੜੀ, ਪੰਜਾਬ,
ਐਸ.ਏ.ਐਸ. ਨਗਰ।

ਵੱਲ

ਰਾਜ ਦੇ ਸਮੂਹ ਮੁੱਖ ਖੇਤੀਬਾੜੀ ਅਫਸਰ।

ਮੀਮੋ ਨੰ: 1253-75 /ਸੰ:ਤ:ਖ:(ਖ:ਖ:) /2016-17
ਮਿਤੀ: 14-10-16

ਵਿਸ਼ਾ:- ਹਾੜੀ 2016-17 ਦੌਰਾਨ ਕਣਕ ਦੇ ਤਸਦੀਕਸ਼ੁਦਾ (ਸਰਟੀਫਾਈਡ) **ਬੀਜ ਤੇ ਸਬਸਿਡੀ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੇ ਭੇਜਣ ਬਾਰੇ ਪਾਲਿਸੀ।**

ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਹਾੜੀ 2016-17 ਦੌਰਾਨ ਕਣਕ ਦੇ ਤਸਦੀਕਸ਼ੁਦਾ (ਸਰਟੀਫਾਈਡ) ਬੀਜ ਤੇ ਸਬਸਿਡੀ ਕਿਸਾਨ ਵੀਰਾਂ ਦੇ ਖਾਤਿਆਂ ਵਿਚ ਸਿੱਧੇ ਭੇਜੀ ਜਾਵੇਗੀ। ਇਸ ਸਬਸਿਡੀ ਦਾ ਭੁਗਤਾਨ ਕਰਨ ਲਈ ਹੇਠ ਲਿਖੇ ਅਨੁਸਾਰ ਵਿਧੀ ਅਪਣਾਈ ਜਾਵੇਗੀ:-

1. ਸਰਕਾਰ/ ਖੇਤੀਬਾੜੀ ਵਿਭਾਗ ਵਲੋ ਕਣਕ ਦੇ ਬੀਜ ਦੀ ਕੋਈ ਖਰੀਦ ਨਹੀਂ ਕੀਤੀ ਜਾਵੇਗੀ। ਕਣਕ ਦੇ ਤਸਦੀਕਸ਼ੁਦਾ ਬੀਜ ਤੇ ਕਿਸਾਨਾਂ ਨੂੰ ਬੀਜ ਦੀ ਕੀਮਤ ਦਾ 50% ਜਾਂ ਵੱਧ ਤੋਂ ਵੱਧ 1000/- ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਇਕ ਕਿਸਾਨ ਨੂੰ ਵੱਧ ਤੋਂ ਵੱਧ 5 ਏਕੜ ਲਈ ਬੀਜ ਤੇ ਸਬਸਿਡੀ ਦਿੱਤੀ ਜਾਵੇਗੀ। ਕਿਸਾਨ ਪੂਰੀ ਕੀਮਤ ਦੇਕੇ ਬੀਜ ਪ੍ਰਾਪਤ ਕਰਨਗੇ ਅਤੇ ਸਬਸਿਡੀ ਦੀ ਰਾਸ਼ੀ ਸਿੱਧੇ ਉਹਨਾਂ ਦੇ ਖਾਤਿਆਂ ਵਿਚ ਟਰਾਂਸਫਰ ਕੀਤੀ ਜਾਵੇਗੀ।

2. ਭਾਰਤ ਸਰਕਾਰ ਦੀਆਂ ਗਾਈਡਲਾਈਨ ਅਨੁਸਾਰ ਕਿਸਾਨ ਨੂੰ ਬੀਜ ਦੀ ਵੰਡ ਦਾ ਅਧਿਕਾਰ ਕੇਵਲ ਨੈਸ਼ਨਲ ਸੀਡ ਕਾਰਪੋਰੇਸ਼ਨ, ਪਨਸੀਡ, ਖੇਤੀਬਾੜੀ ਯੂਨੀਵਰਸਿਟੀ, ਆਈ.ਸੀ.ਏ.ਆਰ ਦੀਆਂ ਸੰਸਥਾਵਾਂ ਅਤੇ ਪੰਜਾਬ ਰਾਜ ਬੀਜ ਪ੍ਰਮਾਣਣ ਸੰਸਥਾ ਦੇ ਰਜਿਸਟਰਡ ਸਰਕਾਰੀ/ਅਰਧਸਰਕਾਰੀ ਅਤੇ ਪ੍ਰਾਈਵੇਟ ਬੀਜ ਉਤਪਾਦਕਾਂ ਪਾਸ ਹੀ ਹੋਵੇਗਾ ਜਿਹਨਾਂ ਦੀ ਸੂਚੀ ਵੈਬਸਾਈਟ www.agripb.gov.in ਤੇ ਵੀ ਵੇਖੀ ਜਾ ਸਕਦੀ ਹੈ।

3. ਇਹ ਸਬਸਿਡੀ ਪਹਿਲ ਦੇ ਅਧਾਰ ਤੇ ਢਾਈ ਏਕੜ ਤਕ ਦੇ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਦਿੱਤੀ ਜਾਵੇਗੀ ਉਸ ਤੋਂ ਬਾਅਦ ਬਕਾਇਆ ਸਬਸਿਡੀ ਪੰਜ ਏਕੜ ਤਕ ਦੀ ਮਾਲਕੀ ਵਾਲ ਵਾਲੇ ਕਿਸਾਨਾਂ ਨੂੰ ਦਿੱਤੀ ਜਾਵੇਗੀ। ਜੇਕਰ ਰਾਸ਼ੀ ਫਿਰ ਵੀ ਬੱਚ ਜਾਂਦੀ ਹੈ ਤਾਂ ਪੰਜ ਏਕੜ ਤੋਂ ਵੱਧ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਵਿਚਾਰਿਆ ਜਾਵੇਗਾ। ਮੁੱਖ ਖੇਤੀਬਾੜੀ ਅਫਸਰ ਕਣਕ ਦੇ ਬੀਜ ਦੀ ਸਬਸਿਡੀ ਕਿਸਾਨਾਂ ਦੇ ਖਾਤੇ ਵਿੱਚ ਟਰਾਂਸਫਰ ਕਰਨ ਤੋਂ ਪਹਿਲਾਂ ਲਾਭਕਾਰੀ ਕਿਸਾਨਾਂ ਦੀਆਂ ਸੂਚੀਆਂ ਨੂੰ ਕੌਮੀ ਅੰਨ ਸੁਰੱਖਿਆ ਮਿਸ਼ਨ ਦੀਆਂ ਗਾਈਡਲਾਈਨਜ਼ ਦੀ ਧਾਰਾ 14.2.1(i) ਅਨੁਸਾਰ District Food Security Mission Executive Committee (DFSMEC) ਪਾਸੋਂ ਹਦਾਇਤਾਂ ਨਾਲ ਰਾਇ ਕਰਕੇ ਅੰਤਮ ਪ੍ਰਵਾਨਗੀ ਦੇਵੇਗੀ।

4. ਮੁੱਖ ਖੇਤੀਬਾੜੀ ਅਫਸਰ ਬਲਾਕ ਪੱਧਰ ਦੇ ਕਣਕ ਦੇ ਬੀਜ ਤੇ ਸਬਸਿਡੀ ਦੀ ਵੰਡ ਦੇ ਕੈਟਾਗਰੀਵਾਈਜ਼ (ਅਨੁਸੂਚਿਤ ਜਾਤੀ ਅਤੇ ਜਨਰਲ) ਟੀਚੇ ਆਪਣੇ ਪੱਧਰ ਤੇ ਵੰਡਣਗੇ ਅਤੇ ਸੂਚਨਾ ਤੁਰੰਤ ਮੁੱਖ ਦਫਤਰ ਨੂੰ ਭੇਜਣਗੇ।

5. ਕੌਮੀ ਅੰਨ ਸੁਰੱਖਿਆ ਮਿਸ਼ਨ ਤਹਿਤ ਅਧੀਨ ਅਨੁਸੂਚਿਤ ਜਾਤੀਆਂ ਦੇ ਖਰਚਾ ਜਿਲੇ ਵਿਚ ਅਨੁਸੂਚਿਤ ਜਾਤੀਆਂ ਦੀ ਪ੍ਰਤੀਸ਼ਤ ਜਨਸੰਖਿਆ ਦੇ ਅਨੁਪਾਤ ਨਾਲ ਕੀਤਾ ਜਾਵੇਗਾ। ਮੁੱਖ ਖੇਤੀਬਾੜੀ ਅਫਸਰ ਇਹ ਵੀ ਯਕੀਨੀ ਬਣਾਉਣਗੇ ਕਿ 33% ਬੀਜ ਛੋਟੇ, ਸੀਮਾਂਤ ਕਿਸਾਨ ਅਤੇ 30% ਬੀਜ ਕਿਸਾਨ ਬੀਬੀਆਂ ਨੂੰ ਪਹਿਲ ਦੇ ਆਧਾਰ ਤੇ ਦਿੱਤਾ ਜਾਵੇ। ਆਰ.ਕੇ.ਵੀ.ਵਾਈ ਸਕੀਮ ਤਹਿਤ ਦਿੱਤੀ ਜਾਣ ਵਾਲੀ ਬੀਜ ਦੀ ਸਬਸਿਡੀ ਤੇ ਵੀ ਕੌਮੀ ਅੰਨ ਸੁਰੱਖਿਆ ਮਿਸ਼ਨ ਵਾਲੀਆਂ ਹਦਾਇਤਾਂ ਹੀ ਲਾਗੂ ਹੋਣਗੀਆਂ।

6. ਕਣਕ ਦੇ ਬੀਜ ਦੀ ਸਬਸਿਡੀ ਪ੍ਰਾਪਤ ਕਰਨ ਲਈ ਨਿਰਧਾਰਿਤ ਪ੍ਰੋਫਾਰਮਾ/ ਬਿਨੈਪੱਤਰ ਵਿਭਾਗ ਦੀ ਵੈਬਸਾਈਟ www.agripb.gov.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਬਿਨੈਪੱਤਰ ਦਾ ਨਮੂਨਾ ਅਨੁਲੱਗ-ੳ ਅਨੁਸਾਰ ਨੱਥੀ ਹੈ। ਇਹ ਬਿਨੈ ਪੱਤਰ ਪਿੰਡ ਦੇ ਸਰਪੰਚ/ਨੰਬਰਦਾਰ/ਐਮ.ਸੀ. ਤੋਂ ਤਸਦੀਕ ਕੀਤੇ ਹੋਣੇ ਚਾਹੀਦੇ ਹਨ।

7. ਕਿਸਾਨ ਵੀਰ ਆਪਣੇ ਮੁਕੰਮਲ ਬਿਨੈਪੱਤਰ ਖੇਤੀਬਾੜੀ ਵਿਭਾਗ ਦੇ ਫੋਕਲ ਪੁਆਇੰਟ ਜਾਂ ਬਲਾਕ ਪੱਧਰ ਜਾਂ ਜਿਲ੍ਹਾ ਪੱਧਰ ਦੇ ਦਫਤਰਾਂ ਵਿੱਚ ਨਿਰਧਾਰਤ ਮਿਤੀ 25-10-2016 ਤੱਕ ਹੀ ਆਪਣੀਆਂ ਅਰਜੀਆਂ ਖੇਤੀਬਾੜੀ ਦਫਤਰਾਂ ਵਿੱਚ ਜਮ੍ਹਾ ਕਰਵਾ ਸਕਣਗੇ। ਇਸ ਮਿਤੀ ਨੂੰ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਪ੍ਰਕਾਸ਼ਿਤ ਕਰਵਾਇਆ ਜਾਵੇਗਾ। ਇਸ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜੀਆਂ ਤੇ ਵਿਚਾਰ ਨਾ ਕੀਤਾ ਜਾਵੇ।

8. ਬਲਾਕ ਖੇਤੀਬਾੜੀ ਅਫਸਰ ਕਿਸਾਨ ਵੀਰਾਂ ਤੋਂ ਪ੍ਰਾਪਤ ਹੋਏ ਬਿਨੈਪੱਤਰਾਂ ਦਾ ਰਿਕਾਰਡ ਕੇਟਾਗਿਰੀ ਵਾਈਜ ਰਜਿਸਟਰ ਵਿਚ ਦਰਜ ਕਰਨਗੇ ਅਤੇ ਪਰਮਿਟ ਦੇਣ ਤੋਂ ਪਹਿਲਾਂ ਇਹ ਯਕੀਨੀ ਬਣਾਉਣਗੇ ਕਿ ਬਲਾਕ ਦੇ ਵੱਖ-ਵੱਖ ਕੈਟਾਗਿਰੀ ਦੇ ਟੀਚਿਆਂ ਅਨੁਸਾਰ ਹੀ ਸਬਸਿਡੀ ਦੀ ਵੰਡ ਹੋਵੇ।

9. ਜਿਹੜੇ ਕਿਸਾਨ ਵੀਰਾਂ ਦੀਆਂ ਦਰਖਾਸਤਾਂ ਬੀਜ ਦੀ ਸਬਸਿਡੀ ਲਈ ਯੋਗ ਪਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਸਬੰਧਤ ਬਲਾਕ ਦਫਤਰਾਂ ਵਲੋਂ ਸਬਸਿਡੀ ਦੀ ਲੋੜੀਂਦੀ ਪ੍ਰਵਾਨਗੀ/ਪਰਮਿਟ ਮਿਤੀ 25-10-2016 ਤੋਂ ਲੈ ਕੇ 05.11.2016 ਤਕ ਜਾਰੀ ਕਰ ਦਿੱਤੇ ਜਾਣਗੇ। ਦਿੱਤੇ ਜਾਣ ਵਾਲੇ ਪਰਮਿਟ ਦਾ ਪ੍ਰੋਫਾਰਮਾ ਅਨੁਲੱਗ-ਅ ਤੇ ਨੱਥੀ ਹੈ ।

10. ਜਿਨ੍ਹਾਂ ਬਲਾਕਾਂ ਵਿੱਚ ਦਰਖਾਸਤਾਂ ਦੀ ਗਿਣਤੀ ਜਿਆਦਾ ਹੋਵੇਗੀ ਉਥੇ Draw of Lots ਰਾਹੀਂ ਦਿੱਤੀ ਜਾਵੇਗੀ। ਜੇਕਰ Draw of Lots ਦੀ ਲੋੜ ਪੈਂਦੀ ਹੈ ਤਾਂ ਇਹ ਸਬੰਧਤ ਜ਼ਿਲੇ ਦੇ ਡਿਪਟੀ ਕਮਿਸ਼ਨਰ ਵੱਲੋਂ ਬਣਾਈ ਗਈ ਕਮੇਟੀ ਜਾਂ ਉਨ੍ਹਾਂ ਵੱਲੋਂ ਮਨੋਨੀਤ ਅਧਿਕਾਰੀ ਦੀ ਦੇਖ-ਰੇਖ ਵਿੱਚ ਕੱਢੇ ਜਾਣਗੇ। ਵੱਧ ਮੰਗ ਹੋਣ ਦੀ ਸੂਰਤ ਵਿੱਚ ਪਿਛਲੇ ਸਾਲ ਬੀਜ ਸਬਸਿਡੀ ਪ੍ਰਾਪਤ ਕਰਨ ਵਾਲੇ ਕਿਸਾਨਾਂ ਦੀ ਬਜਾਏ ਨਵੇਂ ਬਿਨੈਕਾਰਾਂ ਨੂੰ ਪਹਿਲ ਦਿੱਤੀ ਜਾਵੇਗੀ।

11 ਕਣਕ ਦਾ ਤਸਦੀਕਸ਼ੁਦਾ ਬੀਜ ਖਰੀਦਣ ਸਮੇਂ ਕਿਸਾਨ ਵੀਰ ਇਸ ਗੱਲ ਨੂੰ ਜ਼ਰੂਰ ਧਿਆਨ ਵਿਚ ਰੱਖਣ ਕਿ ਨਾ ਸਿਰਫ ਬੀਜ ਉਤਪਾਦਕ ਰਜਿਸਟਰਡ ਹੋਣ ਬਲਕਿ ਉਨ੍ਹਾਂ ਵਲੋਂ ਜਾਰੀ ਕੀਤੇ ਜਾਣ ਵਾਲੇ ਬਿਲਾਂ ਤੇ ਬੈਚ ਨੰਬਰ ਜਾਂ ਲਾਟ ਨੰਬਰ ਵੀ ਦਰਜ ਕੀਤਾ ਜਾਵੇ। ਮੁੱਖ ਖੇਤੀਬਾੜੀ ਅਫਸਰ ਆਪਣੇ ਜ਼ਿਲ੍ਹੇ ਦੇ ਸਾਰੇ ਬਲਾਕ ਖੇਤੀਬਾੜੀ ਅਫਸਰਾਂ ਦੇ ਰਜਿਸਟਰਡ ਬੀਜ ਉਤਪਾਦਕਾਂ ਦੀ ਲਿਸਟ ਲਗਾਉਣਗੇ ਤਾਂ ਕਿ ਕਿਸਾਨ ਆਪਣੀ ਪਸੰਦ ਮੁਤਾਬਿਕ ਕਿਸੇ ਵੀ ਉਤਪਾਦਕ ਤੋਂ ਬੀਜ ਖ੍ਰੀਦ ਸਕਣ।

12. ਸਾਰੇ ਬੀਜ ਉਤਪਾਦਕ/ ਵਿਕਰੇਤਾ ਜੋ ਵੀ ਖੇਤੀਬਾੜੀ ਵਿਭਾਗ ਵਲੋਂ ਸਬਸਿਡੀ ਲਈ ਦਿੱਤੀ ਗਈ ਪ੍ਰਵਾਨਗੀ ਅਨੁਸਾਰ ਬੀਜ ਵੇਚਦੇ ਹਨ, ਲਈ ਇਹ ਜਰੂਰੀ ਹੋਵੇਗਾ ਕਿ ਉਹ ਕਿਸਾਨਾਂ ਨੂੰ ਜਾਰੀ ਕੀਤੇ ਜਾਣ ਵਾਲੇ ਬਿਲਾਂ ਨੂੰ ਤਿੰਨ ਪਰਤਾਂ ਵਿਚ ਜਾਰੀ ਕਰਨ ਜਿਸ ਦੀਆਂ ਦੋ ਪਰਤਾਂ ਕਿਸਾਨਾਂ ਨੂੰ ਦਿੱਤੀਆਂ ਜਾਣਗੀਆਂ ਅਤੇ

ਕਿਸਾਨ ਇਨ੍ਹਾਂ ਵਿਚੋਂ ਬਿਲ ਦੀ ਇਕ ਪਰਤ ਅਤੇ ਬੀਜ ਦੇ ਥੈਲੇ ਤੇ ਲੱਗਿਆ ਸਰਟੀਫਿਕੇਸ਼ਨ ਵਾਲਾ ਨੀਲੇ ਰੰਗ ਦਾ ਟੈਗ ਸਬੰਧਤ ਬਲਾਕ ਅਫਸਰ ਦੇ ਦਫਤਰ ਵਿਚ ਜਮ੍ਹਾਂ ਕਰਵਾਏਗਾ। ਇਸ ਬਿਲ ਵਿੱਚ ਖੇਤੀਬਾੜੀ ਵਿਭਾਗ ਵਲੋਂ ਜਾਰੀ ਕੀਤੀ ਗਈ ਪ੍ਰਵਾਨਗੀ/ ਪਰਮਿਟ ਨੰਬਰ ਲਾਜ਼ਮੀ ਤੌਰ ਤੇ ਦਰਜ ਕੀਤਾ ਜਾਵੇ ਤਾਂ ਜੋ ਇਸ ਬਿਲ ਨੂੰ ਤਸਦੀਕ ਕਰਨ ਉਪਰੰਤ ਕਿਸਾਨਾਂ ਨੂੰ ਉਨਦੀ ਬਣਦੀ ਸਬਸਿਡੀ ਛੇਤੀ ਤੋਂ ਛੇਤੀ (ਵੱਧ ਤੋਂ ਵੱਧ 15 ਦਿਨਾਂ ਦੇ ਅੰਦਰ-ਅੰਦਰ) ਕਿਸਾਨਾਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾਈ ਜਾ ਸਕੇ।

13. ਬਲਾਕ ਖੇਤੀਬਾੜੀ ਅਫਸਰ ਇਹ ਯਕੀਨੀ ਬਣਾਉਣਗੇ ਕਿ ਬਲਾਕ ਪੱਧਰ ਤੇ ਕਿਸਾਨਾਂ ਵਲੋਂ ਕਣਕ ਦੀ ਖ੍ਰੀਦ ਦੇ ਬਿਲਾਂ ਅਤੇ ਟੈਗਾਂ ਦਾ ਰਿਕਾਰਡ ਅਤੇ ਉਨ੍ਹਾਂ ਲਿਸਟਾਂ ਨੂੰ ਸਮੇਂ ਸਿਰ ਤਿਆਰ ਕਰਕੇ ਮੁੱਖ ਖੇਤੀਬਾੜੀ ਅਫਸਰ ਦੇ ਦਫਤਰ ਵਿੱਚ ਜਮ੍ਹਾਂ ਕਰਾਉਣਗੇ ਤਾਂ ਜੋ ਕਿਸਾਨਾਂ ਦੇ ਖਾਤਿਆਂ ਵਿੱਚ ਸਬਸਿਡੀ ਸਮੇਂ ਸਿਰ ਜਮ੍ਹਾਂ ਕਰਵਾਈ ਜਾ ਸਕੇ।

14. ਕਣਕ ਦੀਆਂ ਕਿਸਮਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਐਚ ਡੀ 3086, ਡਬਲਯੂ ਐਚ 1105, ਐਚ ਡੀ 2967, ਪੀ ਬੀ ਡਬਲਯੂ 621, ਪੀ ਬੀ ਡਬਲਯੂ 550, ਪੀ ਬੀ ਡਬਲਯੂ 291, ਐਚ ਡੀ 943, ਅਤੇ ਟੀ ਐਲ 2908, ਪੀ ਬੀ ਡਬਲਯੂ 590, ਪੀ ਬੀ ਡਬਲਯੂ 509, ਪੀ ਬੀ ਡਬਲਯੂ 644 ਕਿਸਮਾਂ ਤੇ ਹੀ ਸਬਸਿਡੀ ਦਿੱਤੀ ਜਾਵੇਗੀ।

15. ਜੇਕਰ ਕੋਈ ਕਿਸਾਨ ਪ੍ਰਾਪਤ ਕੀਤੇ ਗਏ ਬੀਜ ਦੀ ਗੁਣਵੱਤਾ ਨੂੰ ਚੈਕ ਕਰਵਾਉਣਾ ਚਾਹੁੰਦਾ ਹੋਵੇ ਤਾਂ ਉਹ ਇਸ ਨੂੰ ਖੇਤੀਬਾੜੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਬੀਜ ਪ੍ਰਯੋਗਸ਼ਾਲਾਵਾਂ ਤੋਂ ਟੈਸਟ ਕਰਵਾ ਸਕਦਾ ਹੈ।

16. ਸਾਰੇ ਬੀਜ ਵਿਕਰੇਤਾ ਹਰ ਰੋਜ ਸ਼ਾਮ ਨੂੰ ਉਨ੍ਹਾਂ ਵਲੋਂ ਵੇਚੇ ਗਏ ਬੀਜ ਬਾਰੇ ਕਿਸਾਨਾਂ ਦੇ ਵੇਰਵੇ ਆਪਣੇ ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਨੂੰ ਈਮੇਲ ਰਾਹੀਂ ਹੇਠ ਲਿਖੇ ਪ੍ਰੋਫਾਰਮੇ ਵਿਚ ਭੇਜਣਗੇ ਅਤੇ ਹਫਤਾ ਵਾਰੀ ਬੀਜ ਦੀ ਸਬਸਿਡੀ ਬਾਰੇ ਰਿਪੋਰਟ ਡਾਇਰੈਕਟਰ ਖੇਤੀਬਾੜੀ ਪੰਜਾਬ ਨੂੰ ਭੇਜਣਾ ਯਕੀਨੀ ਬਣਾਉਣਗੇ।

ਉਪਰੋਕਤ ਹਦਾਇਤਾਂ/ਸ਼ਰਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਡਿਪਟੀ ਡਾਇਰੈਕਟਰ ਖੇਤੀਬਾੜੀ (ਬੀਜ)
ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ।

ਪਿਠ ਅੰਕਣ ਨੰ: 1276 /ਸੰ:ਡ:ਖ:(ਖ:ਖ:) /2016-17 ਮਿਤੀ : 14-10-16

ਉਪਰੋਕਤ ਦਾ ਇਕ ਉਤਾਰਾ ਨਿੱਜੀ ਸਕੱਤਰ/ਵਧੀਕ ਮੁੱਖ ਸਕੱਤਰ (ਵਿਕਾਸ) ਨੂੰ ਮਾਨਯੋਗ ਵਧੀਕ ਮੁੱਖ ਸਕੱਤਰ (ਵਿਕਾਸ) ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸਹੀ-
ਡਿਪਟੀ ਡਾਇਰੈਕਟਰ ਖੇਤੀਬਾੜੀ (ਬੀਜ)
ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ।

ਪਿਠ ਅੰਕਣ ਨੰ: 1277 /ਸੰ:ਡ:ਖ:(ਖ:ਖ:) /2016-17 ਮਿਤੀ : 14-10-16

ਉਪਰੋਕਤ ਦਾ ਉਤਾਰਾ ਨਿੱਜੀ ਸਕੱਤਰ ਟੂ ਸਕੱਤਰ ਖੇਤੀਬਾੜੀ ਨੂੰ ਮਾਨਯੋਗ ਸਕੱਤਰ ਖੇਤੀਬਾੜੀ ਪੰਜਾਬ ਜੀ ਦੀ ਜਾਣਕਾਰੀ ਹਿੱਤ।

-ਸਹੀ-
ਡਿਪਟੀ ਡਾਇਰੈਕਟਰ ਖੇਤੀਬਾੜੀ (ਬੀਜ)
ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ।

ਪਿਠ ਅੰਕਣ ਨੰ: 1278-85 /ਸੰ:ਤ:ਖ:(ਖ:ਖ:) /2016-17 ਮਿਤੀ : 14-10-16

ਉਪਰੋਕਤ ਦਾ ਇਕ ਉਤਾਰਾ ਸਮੂਹ ਸੰਯੁਕਤ ਡਾਇਰੈਕਟਰ ਖੇਤੀਬਾੜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹਨਾਂ ਨੂੰ ਅਲਾਟ ਕੀਤੇ ਜ਼ਿਲ੍ਹਿਆਂ ਵਿਚ ਕਣਕ ਦੇ ਬੀਜ ਤੇ ਸਬਸਿਡੀ ਦੇਣ ਦੀ ਅਪਡੇਟਿਡ ਸਕੀਮ ਇਸੇ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਾਉਣ ਨੂੰ ਯਕੀਨੀ ਬਣਾਉਣ।

ਸ/-

ਡਿਪਟੀ ਡਾਇਰੈਕਟਰ ਖੇਤੀਬਾੜੀ (ਬੀਜ)
ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ।

ਅਨੁਲੱਗ-ੳ

## ਹਾੜ੍ਹੀ 2016-17 ਲਈ ਕਣਕ ਦੇ ਬੀਜ ਦੀ ਵੰਡ ਸਬੰਧੀ ਵੇਰਵਾ

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਸਾਲ 2016-17 ਲਈ ਕਣਕ ਦੇ ਬੀਜ ਦੀ ਵੰਡ (ਕੁਇੰਟਲ) |
|---|---|---|
| | ਕੌਮੀ ਅੰਨ ਸੁਰੱਖਿਆ ਮਿਸ਼ਨ (NFSM) | |
| 1) | ਅੰਮ੍ਰਿਤਸਰ | 7370 |
| 2) | ਬਠਿੰਡਾ | 6750 |
| 3) | ਫਿਰੋਜ਼ਪੁਰ | 6030 |
| 4) | ਫਾਜ਼ਿਲਕਾ | 6030 |
| 5) | ਗੁਰਦਾਸਪੁਰ | 6750 |
| 6) | ਹੁਸ਼ਿਆਰਪੁਰ | 6750 |
| 7) | ਜਲੰਧਰ | 6750 |
| 8) | ਮੋਹਾਲੀ | 2680 |
| 9) | ਰੋਪੜ | 3350 |
| 10) | ਤਰਨਤਾਰਨ | 6700 |
| 11) | ਪਠਾਨਕੋਟ | 2041 |
| 12) | ਕਪੂਰਥਲਾ | 6030 |
| | ਕੁੱਲ | 67231 |
| | ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (RKVY) | |
| 13) | ਬਰਨਾਲਾ | 11100 |
| 14) | ਫਰੀਦਕੋਟ | 11100 |
| 15) | ਲੁਧਿਆਣਾ | 32375 |
| 16) | ਮਾਨਸਾ | 18500 |
| 17) | ਮੋਗਾ | 18500 |
| 18) | ਸ੍ਰੀ ਮੁਕਤਸਰ ਸਾਹਿਬ | 18500 |
| 19) | ਫਤਿਹਗੜ੍ਹ ਸਾਹਿਬ | 9250 |
| 20) | ਪਟਿਆਲਾ | 25900 |
| 21) | ਸੰਗਰੂਰ | 30525 |
| 22) | ਨਵਾਂਸ਼ਹਿਰ | 9250 |
| | ਕੁੱਲ | 185000 |
| | ਸਮੁੱਚਾ ਜੋੜ | 252231 |

ਅਨੁਲੱਗ-ਅ

## ਕਣਕ ਦੇ ਬੀਜ ਤੇ ਸਬਸਿਡੀ ਪ੍ਰਾਪਤ ਕਰਨ ਲਈ ਪ੍ਰੋਫਾਰਮਾ

ਬਿਨੈਕਾਰ ਦੀ ਫੋਟੋ

1. ਨਾਮ ................................ਪੁੱਤਰ/ਪਤਨੀ/ਪੁੱਤਰੀ ਸ੍ਰੀ................................
2. ਪਿੰਡ.......................ਡਾਕਖਾਨਾ.....................ਤਹਿਸੀਲ.....................ਜਿਲ੍ਹਾ.....................
3. ਫੋਨ ਨੰ:/ਟੈਲੀਫੋਨ ਮੋਬਾਇਲ................................
4. ਬੈਂਕ ਖਾਤੇ ਦਾ ਵੇਰਵਾ:

ਬੈਂਕ ਦਾ ਨਾਂ:........................................................ਖਾਤਾ ਨੰ.........................

IFSC Code ........................................ ਅਧਾਰ ਕਾਰਡ ਨੰ.........................

5. ਰਕਬਾ ਏਕੜਾਂ ਵਿੱਚ ਲੈਂਡ ਰਿਕਾਰਡ ਅਨੁਸਾਰ

(ੳ) ਮਾਲਕੀ:..................... (ਅ) ਠੇਕੇ ਤੇ:..................... ਕੁੱਲ .....................

6. ਕਿਸਾਨਾਂ ਦੀ ਸ਼੍ਰੇਣੀ (ਅਨੁਸੂਚਿਤ ਜਾਤੀ/ਹੋਰ ਪੱਛੜੀ ਜਾਤੀ /ਜਨਰਲ ਕੈਟਾਗਰੀ):
7. ਪਿਛਲੇ ਸਾਲ ਪ੍ਰਾਪਤ ਕੀਤੇ ਬੀਜ ਦੀ ਮਾਤਰਾ.....................
8. ਕਣਕ ਦੇ ਬੀਜ ਦੀ ਮੰਗ: ਕਿਸਮ..................... ਮਾਤਰਾ.....................

### ਸਵੈ ਘੋਸ਼ਣਾ

ਤਸਦੀਕ ਕੀਤਾ ਜਾਂਦਾ ਹੈ:

1. ਕਿ ਮੈਂ ਜੋ ਉਪਰੋਕਤ ਜ਼ਮੀਨ ਦੇ ਵੇਰਵੇ ਦਿੱਤੇ ਹਨ, ਉਹ ਸਹੀ ਹਨ।
2. ਕਿ ਮੈਂ ਸਬਸਿਡੀ ਵਾਲਾ ਬੀਜ ਇਸ ਦੀ ਪੂਰੀ ਕੀਮਤ ਅਦਾ ਕਰਕੇ ਉਪਦਾਨ ਦੀ ਰਾਸ਼ੀ ਬਾਅਦ ਵਿੱਚ ਕਲੇਮ ਕਰਾਂਗਾ।
3. ਕਿ ਮੈਂ ਰਿਆਇਤੀ ਦਰਾਂ ਤੇ ਪ੍ਰਾਪਤ ਕੀਤੇ ਬੀਜ ਨੂੰ ਖੁਦ ਹੀ ਵਰਤਾਂਗਾ ਅਤੇ ਕਿਸੇ ਨੂੰ ਅੱਗੇ ਨਹੀਂ ਦੇਵਾਂਗਾ/ ਵੇਚਾਂਗਾ।
4. ਕਿ ਜੇਕਰ ਮੇਰੇ ਵੱਲੋਂ ਦਿੱਤੇ ਦਸਤਾਵੇਜ ਗਲਤ/ ਝੂਠੇ ਪਾਏ ਜਾਂਦੇ ਹਨ ਤਾਂ ਖੇਤੀਬਾੜੀ ਵਿਭਾਗ ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਕਰ ਸਕਦਾ ਹੈ।

ਮਿਤੀ: ਬਿਨੈਕਾਰ ਦੇ ਹਸਤਾਖਰ

ਤਸਦੀਕ ਕਰਨ ਵਾਲੇ ਸਰਪੰਚ/ਲੰਬੜਦਾਰ ਦੇ ਦਸਤਖਤ
ਪੂਰਾ ਨਾਂ, ਪਤਾ ਅਤੇ ਮਿਤੀ

1. ਕਣਕ ਦੇ ਕੁੱਲ ............... (ਮਾਤਰਾ) ਬੀਜ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਖੇਤੀਬਾੜੀ ਵਿਸਥਾਰ ਅਫਸਰ ਜਾਂ ਖੇਤੀਬਾੜੀ ਵਿਕਾਸ ਅਫਸਰ ਦੇ ਹਸਤਾਖਰ

2. ਕਣਕ ਦਾ ਬੀਜ ............... (ਮਾਤਰਾ) ਪ੍ਰਵਾਨ ਕੀਤਾ ਜਾਂਦਾ ਹੈ।

ਖੇਤੀਬਾੜੀ ਅਫਸਰ ਦੇ ਹਸਤਾਖਰ ਅਤੇ ਮੋਹਰ

ਅਨੁਲੱਗ-ੲ

## ਖੇਤੀਬਾੜੀ ਵਿਭਾਗ, ਪੰਜਾਬ

ਪਰਮਿਟ ਨੰ. ਮਿਤੀ

ਸ੍ਰੀ ______________________ ਪੁੱਤਰ ਸ੍ਰੀ ______________________

ਪਿੰਡ ______________, ਬਲਾਕ ______________ ਨੂੰ ______________

ਕਿਸਮ ਦਾ ________ ਕੁਇੰਟਲ ਬੀਜ ਦਿੱਤਾ ਜਾਵੇ ।

ਬਲਾਕ ਖੇਤੀਬਾੜੀ ਅਫਸਰ ਦੇ ਦਸਤਖਤ ਸਮੇਤ ਮੋਹਰ